①

੫.੧ ## ਬਿੰਬ ਤੇ ਪ੍ਰਤੀਕ ਵਿਧਾਨ

ਫਰੀਦ-ਬਾਣੀ ਦੇ ਪ੍ਰਤੀਕ ਵਿਧਾਨ ਦੀ ਵਿਆਖਿਆ ਲਈ ਜਿਨ੍ਹਾਂ ਤਿੰਨ ਖੰਡਾਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਮਹੱਤਵਪੂਰਨ ਹੋ ਸਕਦਾ ਹੈ, ਉਹ ਹਨ (1) ਪ੍ਰਤੀਕਾਂ ਨਾਲ ਸੰਬੰਧਿਤ ਸ਼ਬਦਾਵਲੀ ਦਾ ਖੰਡਨ (2) ਫਰੀਦ-ਬਾਣੀ ਵਿਚ ~~[illegible]~~ ਪ੍ਰਸਤੁਤ ਬਿੰਬਾਵਲੀ ਦਾ ਵਰਤਾਰਾ ਅਤੇ (3) ਬਿੰਬਾਵਲੀ ਦੀ ਪ੍ਰਤੀਕਾਤਮਕ ਮਹੱਤਵ ਗ੍ਰਹਿਣ ਕਰਨ ਦੀ ਵਿਧੀ। ਬਾਬਾ ਫਰੀਦ ਜੀ ਦੇ ਪ੍ਰਤੀਕਾਂ ਵਿਚ ਪ੍ਰਸਤੁਤ ਬਿੰਬਾਵਲੀ ਪ੍ਰਕਿਰਤਕ ਜਗਤ ਵਿਚੋਂ ਹੀ ਲਈ ਗਈ ਹੈ ਅਤੇ ਮਾਨਵੀ ਸਰੋਕਾਰਾਂ ਨਾਲ ਸੰਬੰਧਿਤ ਪਰਤਾਂ ਹੀ ਇਸ ਬਿੰਬਾਵਲੀ ਦਾ ਆਧਾਰ ਬਣੇ ਹਨ। ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਉਨ੍ਹਾਂ ਦੇ ਪ੍ਰਤੀਕ ਵਿਧਾਨ ਦਾ ਖੰਡਨ ਬਹੁਤ ਵਿਸ਼ਾਲ ਅਤੇ ਵਿਵਿਧਮੁਖੀ ਹੈ। ~~ਫ ਫਰੀ~~

ਫਰੀਦ-ਬਾਣੀ ਵਿਚ ਪ੍ਰਸਤੁਤ ਬਿੰਬਾਂ ਦਾ ਵਰਤਾਰਾ ਅਨੁਭਵ ਆਧਾਰਿਤ ਹੋਣ ਕਾਰਣ ਬਹੁਤ ਨਿਰੰਕੁਸ਼ ਹੈ। ਅਨੁਭਵ ਮੂਲਕ ਹੋਣ ਕਾਰਣ ਫਰੀਦ ਜੀ ਦੇ ਪ੍ਰਤੀਕ ਪਾਠਕਾਂ ਉੱਤੇ ਬਹੁਤ ਗਹਿਰਾ ਅਤੇ ਵਿਆਪਕ ਪ੍ਰਭਾਵ ਪਾਉਂਦੇ ਹਨ। ਇਸ ਪ੍ਰਸੰਗ ਵਿਚ ਉਨ੍ਹਾਂ ਦੇ ਕੁਝ ਸਲੋਕਾਂ ਦਾ ਅਧਿਐਨ ਇਸ ਤਰ੍ਹਾਂ ਹੈ -

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰ ॥੯॥

ਫਰੀਦਾ ਦਰਿ ਦਰਵਾਜੈ ਜਾਇਕੈ ਕਿਉ ~~ਕਿ~~ ਡਿਠੋ ਘੜੀਆਲੁ ॥
ਏਹੁ ਨਿਦੋਸਾ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੭੫॥

ਬਾਬਾ ਫਰੀਦ ਜੀ ਦੇ ਪ੍ਰਤੀਕ ਵਿਧਾਨ ਦੀ ਇਕ ਹੋਰ ਵਿਸ਼ੇਸ਼ਤਾ ਇਸ ਦੀ ਵਿਸ਼ਵਵਿਆਪੀ ਅਪੀਲ ਹੈ। ਇਹ ਕਿਸੇ ਨਿਸ਼ਚਿਤ ਇਤਿਹਾਸਕ ਸਥਿਤੀ ਵਿਚੋਂ ਅਰਥ ਗ੍ਰਹਿਣ ਨਹੀਂ ਕਰਦੇ। ਇਹੀ ਕਾਰਣ ਹੈ ਕਿ ਬਾਬਾ ਫਰੀਦ ਜੀ ਦੇ ਪ੍ਰਤੀਕ ਹਰ ਵਰਗ, ਹਰ ਦੇਸ਼ ਅਤੇ ਹਰ ਕਾਲ ਦੇ ਵਿਅਕਤੀ ਲਈ ਇਕੋ ਜਿਤਨੇ ਅਰਥਪੂਰਨ ਹੋ ਨਿਬੜਦੇ ਹਨ।

ਫਰੀਦ-ਬਾਣੀ ਵਿਚ ਆਏ ਪ੍ਰਤੀਕਾਂ ਦੇ ਸੰਬੰਧ ਵਿਚ ਇਹ ਤੱਥ ਵੀ ਉਲੇਖਯੋਗ ਹੈ ਕਿ ਆਪਣੇ ਆਪਣੀ ਕਾਵਿ-ਰਚਨਾ ਲਈ ਪ੍ਰਤੀਕਾਵਲੀ ਵਿਰਸੇ ਵਿਚ ਪ੍ਰਾਪਤ ਨਹੀਂ ਹੋਈ। ਕੇਵਲ ਅਰਬ ਤੋਂ ਪਹਿਲਾਂ ਨਾਥ-ਜੋਗੀਆਂ ਦੀ ਕਾਵਿ-ਪਰੰਪਰਾ ਮੌਜੂਦ ਸੀ ਪਰੰਤੂ ਇਸ ਸੰਸਕ੍ਰਿਤ ਪਰੰਪਰਾ ਵਿਚ ਮਿਲਦੀ ਪ੍ਰਤੀਕਾਵਲੀ ਧਾਰਮਿਕ ਅਤੇ ਸੰਕਲਪਗਤ

Scanned with CamScanner

ਹੈ। ਇਸ ਪਰੰਪਰਾ ਨਾਲ ਸਬੰਧਤ ਕਵੀਆਂ ਨੇ ਆਪਣੇ ਸਭਿਆਚਾਰਕ ਚੌਗਿਰਦੇ ਵਿਚੋਂ ਬਹੁਤ ਘੱਟ ਪ੍ਰਤੀਕ ਲਏ ਹਨ। ਪਰੰਤੂ ਫਰੀਦ ਜੀ ਨੇ ਬਹੁਤੇ ਪ੍ਰਤੀਕ ਪੰਜਾਬ ਦੇ ਸਭਿਆਚਾਰਕ ਅਥਵਾ ਭੂਗੋਲਿਕ ਚੌਗਿਰਦੇ ਵਿੱਚੋਂ ਲਏ ਹਨ। ਇਸ ਕਾਰਨ ਇਨ੍ਹਾਂ ਦਾ ਮੁੱਲ ਅਤੇ ਮਹੱਤਵ ਬਹੁਤ ਵਧ ਗਿਆ ਹੈ। ਅਜਿਹੇ ਪ੍ਰਤੀਕ ਆਪ ਦੇ ਕਾਵਿ ਨੂੰ ਮੌਲਿਕਤਾ ਅਤੇ ਤਾਜ਼ਗੀ ਪ੍ਰਦਾਨ ਕਰਦੇ ਹਨ।

ਫਰੀਦ ਜੀ ਦੀ ਕਾਵਿ ਪ੍ਰਤਿਭਾ ਦਾ ਇਕ ਹੋਰ ਚਮਤਕਾਰ ਬਿੰਬਮੂਲਕ ਪ੍ਰਤੀਕਾਂ ਦੀ ਸਿਰਜਣਾ ਕਰਨਾ ਹੈ। ਕੇਵਲ ਬਿੰਬ ਦਾ ਕਾਰਜ ਅਮੂਰਤ ਨੂੰ ਮੂਰਤ ਬਣਾਉਣਾ ਅਤੇ ਪ੍ਰਤੀਕ ਦਾ ਕਾਰਜ ਮੂਰਤ ਨੂੰ ਅਮੂਰਤ ਬਣਾਉਣਾ ਸਮਝਿਆ ਜਾਂਦਾ ਹੈ ਪਰ ਕਈ ਵਾਰ ਇਸ ਪ੍ਰਕਿਰਿਆ ਵਿਚ ਇਉਂ ਵੀ ਵਾਪਰਦਾ ਹੈ ਕਿ ਮੂਰਤ (~~Concentrate~~ (Concrete) ਅਤੇ ਅਮੂਰਤ (abstract) ਦੋ ਧਰਾਤਲ ਸਮਾਨ ਰੂਪ ਵਿਚ ਇਕ-ਦੂਜੇ ਨਾਲ ਟਿਕ ਰਹਿੰਦੇ ਹਨ। ਇਸ ਸੂਰਤ ਵਿਚ ਕਾਵਿ ਦੀ ਆਭਾ ਅਤੇ ਪ੍ਰਭਾਵ ਦੋ-ਗੁਣਾਂ ਹੋ ਜਾਂਦਾ ਹੈ। ਫਰੀਦ ਬਾਣੀ ਵਿਚ ਇਸ ਪ੍ਰਕਾਰ ਦੇ ਪ੍ਰਤੀਕਾਂ ਦੀਆਂ ਅਨੇਕ ਮਿਸਾਲਾਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਜਿਵੇਂ :-

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥
ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੮॥

ਚੌਸ਼ਾ ਪੰਖ ਤਰੀਇਆ ਬਗਾ ਆਇਆ ਬਾਜੁ ॥
ਤੁਟਿ ਸੁਣੇ ਬਗਾ ਬਧਕੁ ਸਿਰ ਤਨਿ ਉਪਰਿ ਪਾਉ ॥੧੨੨॥

ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਬਾਬਾ ਫਰੀਦ ਜੀ ਦੇ ਰਹੱਸਾਤਮਕ ਅਨੁਭਵ ਦੇ ਨਿਰੂਪਣ ਵਿਚ ਆਪ ਦਾ ਪ੍ਰਤੀਕ ਵਿਧਾਨ ਇਕ ਮਹੱਤਵਪੂਰਨ ਭੂਮਿਕਾ ਦਾ ਨਿਰਵਾਹ ਕਰਦਾ ਹੈ। ਇਹ ਪ੍ਰਤੀਕ ਅਗੰਮ, ਅਗੋਚਰ ਅਤੇ ਅਨੰਤ ਪਰਮਾਤਮਾ ਦੇ

Scanned with CamScanner

ਦ੍ਵੰਦ ਨੂੰ ਅਤੇ ਸਾਧਕ ਦੇ ਮਨ ਵਿਚ ਚਲਦੀ ਦੁਬਿਧਾ
ਰੂਪ ਸਥਾਪਿਤ ਕਰ ਦਿੱਤੇ ਹਨ। ਭਗਤ ਕਬੀਰ ਜੀ ਦਾ ਪ੍ਰਤੀਕ-
ਵਿਧਾਨ ਪੰਜਾਬ ਦੀ ਸੂਫ਼ੀ ਕਾਵਿ ਧਾਰਾ ਨੂੰ ਇਕ ਵੱਡੀ ਲੋਕਈ
ਅਤੇ ਸਾਹਿਤਿਕ ਪਰੰਪਰਾ ਪ੍ਰਦਾਨ ਕਰਦਾ ਹੈ। ਇਹੀ ਕਾਰਣ ਹੈ
ਕਿ ਉੱਤਰ-ਕਬੀਰ ਕਾਲ ਦੀ ਪੰਜਾਬੀ ਸੂਫ਼ੀ ਕਵਿਤਾ ਵਿਚ
ਕਬੀਰ ਜੀ ਦੇ ਬਹੁਤ ਸਾਰੇ ਪ੍ਰਤੀਕਾਂ ਦਾ ਪੁਨਰ-ਪ੍ਰਯੋਗ ਵਧੇਰੇ
ਸਾਹਿਤਿਕ ਰੂਪ ਵਿਚ ਹੋਇਆ ਦੇਖਿਆ ਜਾ ਸਕਦਾ ਹੈ।

— x —

Scanned with CamScanner